# BEAR ਬੀ.ਈ.ਏ.ਆਰ.

ਸਾਡਾ BEAR (Bereavement, Emotions And Resilience) (ਸੋਗ, ਭਾਵਨਾਵਾਂ ਅਤੇ ਲਚਕੀਲਾਪਣ) ਪ੍ਰੋਜੈਕਟ ਉਨ੍ਹਾਂ ਪਰਿਵਾਰਾਂ ਦੀ ਮਦਦ ਕਰਦਾ ਹੈ ਜਿਨ੍ਹਾਂ ਨੇ ਪਿਛਲੇ ਛੇ ਮਹੀਨਿਆਂ ਵਿੱਚ ਕਿਸੇ ਅਜੀਜ਼ ਦੀ ਮੌਤ ਦਾ ਸਾਹਮਣਾ ਕੀਤਾ ਹੋਵੇ।



ਇਹ ਕਿਸੇ ਬੱਚੇ ਨਾਲ ਇਕੱਲੇ-ਇਕੱਲੇ ਕਰਕੇ ਕੰਮ ਕਰਨਾ ਨਹੀਂ ਹੈ। ਇਸ ਅਧੀਨ ਇੱਕ ਥੈਰੇਪਿਸਟ ਛੇ ਹਫ਼ਤਿਆਂ ਤੱਕ ਹਰੇਕ ਪਰਿਵਾਰ ਨੂੰ ਮਿਲਣ ਜਾਵੇਗਾ, ਉਹਨਾਂ ਨੂੰ ਉਹਨਾਂ ਦੇ ਘਰ ਵਿੱਚ ਜਾਂ ਘਰ ਦੇ ਨੇੜੇ ਮਿਲੇਗਾ। ਥੈਰੇਪਿਸਟ ਪਰਿਵਾਰ ਨੂੰ ਇਕੱਠੇ ਮਿਲ ਕੇ ਕੰਮ ਕਰਨ ਲਈ ਗਤੀਵਿਧੀਆਂ ਅਤੇ ਸਰੋਤ ਪ੍ਰਦਾਨ ਕਰਦਾ ਹੈ, ਉਹਨਾਂ ਨੂੰ ਉਹਨਾਂ ਦੇ ਸਾਂਝੇ ਦੁੱਖ ਦੇ ਸਮੇਂ ਵਿੱਚ ਸਹਾਇਤਾ ਕਰਦਾ ਹੈ।

## ਸਕੂਲਾਂ ਨਾਲ ਕੰਮ ਕਰਨਾ

ਸਕੂਲ ਕੱਲੇ, ਕੱਲੇ ਲੋਕਾਂ ਨੂੰ ਥੈਰੇਪੀ ਸੇਵਾਵਾਂ, ਸੋਗ ਸਮੂਹਾਂ ਜਾਂ ਸਟਾਫ ਅਤੇ ਮਾਪਿਆਂ ਲਈ ਸਿਖਲਾਈ ਅਤੇ ਸਰੋਤਾਂ CTRT (ਚਾਈਲਡ ਟੀਚਰ ਰਿਲੇਸ਼ਨਸ਼ਿਪ ਥੈਰੇਪੀ) ਵਾਸਤੇ ਬੇਨਤੀ ਕਰ ਸਕਦੇ ਹਨ। ਤੁਹਾਨੂੰ ਇਹਨਾਂ ਵਿੱਚੋਂ ਕੁਝ ਸੇਵਾਵਾਂ ਦੀ ਲਾਗਤ ਦੇਣੀ ਪੈ ਸਕਦੀ ਹੈ।




ਉਦਾਹਰਣ ਵਜੋਂ, ਅਸੀਂ ਸਕੂਲ ਦੇ ਇਕਰਾਰਨਾਮੇ ਪ੍ਰਦਾਨ ਕਰਦੇ ਹਾਂ ਜਿੱਥੇ ਇੱਕ ਸਕੂਲ ਹਰ ਹਫ਼ਤੇ ਅੱਧੇ ਦਿਨ/ਪੂਰੇ ਦਿਨ ਲਈ ਇੱਕ ਸਮਰਪਿਤ ਸਲਾਹਕਾਰ ਜਾਂ ਖੇਡ ਥੈਰੇਪਿਸਟ ਰੱਖ ਸਕਦਾ ਹੈ।

ਅਸੀਂ ਸਕੂਲੀ ਭਾਈਚਾਰੇ ਵਿੱਚ ਅਣਕਿਆਸੀ ਜਾਂ ਅਚਾਨਕ ਮੌਤ ਹੋਣ 'ਤੇ ਸਲਾਹ-ਮਸ਼ਵਰਾ ਅਤੇ ਸਹਾਇਤਾ ਦੇ ਸਕਦੇ ਹਾਂ।

# ਬੱਚਿਆਂ ਅਤੇ ਨੌਜਵਾਨਾਂ ਲਈ ਖੇਡ ਥੈਰੇਪੀ ਅਤੇ ਸਲਾਹ

ਅਸੀਂ 4 ਤੋਂ 18 ਸਾਲ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਕੱਲਿਆਂ ਕੱਲਿਆਂ ਨੂੰ ਕਾਉਂਸਲਿੰਗ ਜਾਂ ਪਲੇ ਥੈਰੇਪੀ ਪ੍ਰਦਾਨ ਕਰਦੇ ਹਾਂ। ਅਸੀਂ ਉਨ੍ਹਾਂ ਬੱਚਿਆਂ ਨਾਲ ਕੰਮ ਕਰਦੇ ਹਾਂ ਜਿਨ੍ਹਾਂ ਨੇ ਸੋਗ ਜਾਂ ਘਰੇਲੂ ਹਿੰਸਾ ਦਾ ਸਾਹਮਣਾ ਕੀਤਾ ਹੋਵੇ। ਅਸੀਂ ਅਕਸਰ ਉਨ੍ਹਾਂ ਬੱਚਿਆਂ ਨਾਲ ਕੰਮ ਕਰਦੇ ਹਾਂ ਜਿਨ੍ਹਾਂ ਦਾ ਕਈ ਤਰ੍ਹਾਂ ਨਾਲ ਨੁਕਸਾਨ ਹੋ ਜਾਂਦਾ ਹੈ ਜਿਸਦਾ ਮਤਲਬ ਹੈ ਕਿ ਬੱਚੇ ਨੇ ਸਦਮੇ ਜਾਂ ਇੱਕ ਤੋਂ ਵੱਧ ਕਿਸਮ ਦੇ ਨੁਕਸਾਨ ਦਾ ਅਨੁਭਵ ਕੀਤਾ ਹੈ।



ਤੁਸੀਂ ਇਸ ਸੇਵਾ ਵਾਸਤੇ ਆਪ ਮੰਗ ਕਰ ਸਕਦੇ ਹੋ ਜਾਂ ਸਕੂਲ ਵਾਲੇ ਬੱਚੇ ਨੂੰ ਰੈਫਰ ਕਰ ਸਕਦੇ ਹਨ। ਕਿਰਪਾ ਕਰਕੇ ਇਹ ਯਕੀਨੀ ਬਣਾਓ ਕਿ ਬੱਚੇ ਨੂੰ ਰੈਫਰ ਕਰਨ ਤੋਂ ਪਹਿਲਾਂ ਤੁਹਾਡੇ ਕੋਲ ਪਰਿਵਾਰ ਦੀ ਇਜਾਜ਼ਤ ਹੈ ਅਤੇ ਬੱਚਾ ਵੀ ਰੈਫਰਲ ਬਾਰੇ ਜਾਣਦਾ ਹੈ।

ਬੱਚੇ ਜਾਂ ਨੌਜਵਾਨ ਨਾਲ ਕੰਮ ਕਰਨ ਲਈ ਸਾਨੂੰ ਹਮੇਸ਼ਾ ਉਨ੍ਹਾਂ ਦੀ ਸਹਿਮਤੀ ਦੀ ਲੋੜ ਹੁੰਦੀ ਹੈ।

ਸਾਡੇ ਕੋਲ ਰੈਫਰਲ ਕਰਨਾ ਸ਼ੁਰੂ ਕਰਨ ਲਈ ਕਿਰਪਾ ਕਰਕੇ ਇੱਥੇ ਜਾਓ:
https://beyondthehorizon.org.uk/ and find our contact page.

# ਸਵਾਗਤ ਹੈ.....

BEYOND THE HORIZON

ਅਸੀਂ ਬਰਮਿੰਘਮ ਭਰ ਵਿੱਚ ਉਨ੍ਹਾਂ ਬੱਚਿਆਂ, ਨੌਜਵਾਨਾਂ ਅਤੇ ਪਰਿਵਾਰਾਂ ਦੀ ਮਦਦ ਕਰਦੇ ਹਾਂ ਜੋ ਸੋਗ, ਘਰੇਲੂ ਹਿੰਸਾ ਅਤੇ ਮਾਪਿਆਂ ਦੇ ਵਿਛੋੜੇ ਤੋਂ ਪ੍ਰਭਾਵਿਤ ਹੋਏ ਹੋਣ।

ਜੇਕਰ ਤੁਸੀਂ ਜਾਂ ਤੁਹਾਡੇ ਬੱਚੇ ਨੇ ਇਹਨਾਂ ਵਿੱਚੋਂ ਕਿਸੇ ਵੀ ਮੁਸ਼ਕਲ ਦਾ ਸਾਹਮਣਾ ਕੀਤਾ ਹੈ, ਤਾਂ ਅਸੀਂ ਤੁਹਾਨੂੰ ਭਾਵਨਾਤਮਕ ਤੰਦਰੁਸਤੀ ਅਤੇ ਭਵਿੱਖ ਵਾਸਤੇ ਮੁੜ ਉਮੀਦ ਪ੍ਰਾਪਤ ਕਰਨ ਲਈ ਤੁਹਾਡੀਆਂ ਚੁਣੌਤੀਆਂ ਵਿੱਚੋਂ ਲੰਘਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।



# ਪੈਂਗੁਇਨ (Penguin)ਪ੍ਰੋਜੈਕਟ

ਸਾਡਾ ਪੈਂਗੁਇਨ ਪ੍ਰੋਜੈਕਟ ਉਸ ਸਮੇਂ ਬੱਚੇ ਅਤੇ ਮਾਪਿਆਂ/ਦੇਖਭਾਲ ਕਰਨ ਵਾਲਿਆਂ ਦੇ ਆਪਸੀ ਸਬੰਧਾਂ ਦਾ ਸਮਰਥਨ ਕਰਦਾ ਹੈ, ਜਦੋਂ ਕੋਈ ਨੁਕਸਾਨ ਹੋ ਜਾਂਦਾ ਹੈ ਜਾਂ ਪਰਿਵਾਰ ਟੁੱਟ ਜਾਂਦਾ ਹੈ। ਇਹ ਮਾਪਿਆਂ ਦੀ ਸਹਾਇਤਾ ਵਾਸਤੇ ਚਾਰ ਨਿੱਜੀ ਸੈਸ਼ਨਾਂ ਰਾਹੀਂ, ਜਾਂ ਸਾਡੇ ਦਸ-ਹਫ਼ਤੇ ਦੇ ਚਾਈਲਡ ਪੇਰੈਂਟ ਰਿਲੇਸ਼ਨਸ਼ਿਪ ਥੈਰੇਪੀ ਕੋਰਸ (CPRT) ਰਾਹੀਂ ਕੀਤਾ ਜਾ ਸਕਦਾ ਹੈ।

## ਹਾਰਟ ਟੂ ਹਾਰਟ

ਹਾਰਟ ਟੂ ਹਾਰਟ ਮਾਪਿਆਂ ਜਾਂ ਦੇਖਭਾਲ ਕਰਨ ਵਾਲਿਆਂ ਅਤੇ ਉਨ੍ਹਾਂ ਦੇ ਬੱਚਿਆਂ ਜਾਂ ਨਬਾਲਗਾਂ ਲਈ ਖਾਸ ਤੌਰ 'ਤੇ ਤਿਆਰ ਕੀਤੇ ਗਏ ਸੈਸ਼ਨ ਪ੍ਰਦਾਨ ਕਰਦਾ ਹੈ।

ਹਾਰਟ ਟੂ ਹਾਰਟ ਇੱਕ ਸੰਜਮੀ ਅਤੇ ਪਾਲਣ-ਪੋਸ਼ਣ ਵਾਲੇ ਸਮੂਹ ਵਿੱਚ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਨ ਲਈ ਮਜ਼ੇਦਾਰ, ਆਪਸੀ ਗੱਲਬਾਤ ਅਤੇ ਸਾਧਾਰਨ ਗਤੀਵਿਧੀਆਂ ਅਤੇ ਸਰੋਤ ਪ੍ਰਦਾਨ ਕਰਦਾ ਹੈ।

ਸਾਡੇ ਥੈਰੇਪਿਸਟ ਸਮੂਹ ਮੈਂਬਰਾਂ ਨਾਲ ਸਬੂਤ-ਅਧਾਰਤ ਸਾਧਨ ਅਤੇ ਤਕਨੀਕਾਂ ਸਾਂਝੀਆਂ ਕਰਦੇ ਹਨ ਤਾਂ ਜੋ ਉਨ੍ਹਾਂ ਨੂੰ ਤਣਾਅ ਨੂੰ ਰੋਕਣ ਅਤੇ ਲਚਕੀਲਾਪਣ ਪੈਦਾ ਕਰਨ ਵਿੱਚ ਮਦਦ ਮਿਲ ਸਕੇ।



## ਬੱਚਿਆਂ ਅਤੇ ਮਾਪਿਆਂ ਦੇ ਸੰਬੰਧਾਂ ਬਾਰੇ ਥੈਰਿਪੀ

ਸੀ ਪੀ ਆਰ ਟੀ ਇੱਕ ਸਬੂਤ-ਅਧਾਰਤ ਇਲਾਜ ਸੰਬੰਧੀ ਪਾਲਣ-ਪੋਸ਼ਣ ਕੋਰਸ ਹੈ। ਇਹ ਮਾਪਿਆਂ ਨੂੰ ਸਿਖਾਉਂਦਾ ਹੈ ਕਿ ਕਿਵੇਂ ਕੁੱਝ ਉਹੀ ਹੁਨਰ ਵਰਤਣੇ ਹਨ, ਜੋ ਖੇਡ ਥੈਰੇਪਿਸਟ ਸਮਾਜਿਕ, ਭਾਵਨਾਤਮਕ, ਜਾਂ ਮਾਨਸਿਕ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਬੱਚਿਆਂ ਦੀ ਮਦਦ ਕਰਨ ਲਈ ਵਰਤਦੇ ਹਨ।

ਅਸੀਂ ਸਾਲ ਦੇ ਵੱਖ-ਵੱਖ ਸਮਿਆਂ 'ਤੇ ਉੱਤਰੀ ਬਰਮਿੰਘਮ ਅਤੇ ਦੱਖਣੀ ਬਰਮਿੰਘਮ ਵਿੱਚ CPRT ਕੋਰਸ ਚਲਾਉਂਦੇ ਹਾਂ। ਸਾਡੇ ਅਗਲੇ ਕੋਰਸ ਕਦੋਂ ਹਨ ਇਹ ਜਾਣਨ ਲਈ ਸਾਨੂੰ 0121 444 5454 'ਤੇ ਕਾਲ ਕਰੋ।



Tel: 0121 444 5454
Email: admin@beyondthehorizon.org.uk
(ਆਮ ਪੁੱਛ ਗਿੱਛ ਵਾਸਤੇ)

ਬੀਯੌਂਡ ਦ ਹੌਰਾਈਜ਼ਨ ਚੈਰਿਟੀ ਮੋਜ਼ਲੇ ਐਕਸਚੇਂਜ
Moseley Exchange
149-153 Alcester Road
Moseley
Birmingham B13 8JP

## ਮਾਪਿਆਂ ਵਾਸਤੇ ਸਹਾਇਤਾ

ਅਸੀਂ ਮਾਪਿਆਂ ਨੂੰ ਆਪਣੇ ਕਿਸੇ ਥੈਰੇਪਿਸਟ ਨਾਲ ਫ਼ੋਨ 'ਤੇ ਜਾਂ ਵੀਡੀਓ ਕਾਲ ਰਾਹੀਂ ਚਾਰ ਵਾਰ ਕੱਲੇ, ਕੱਲੇ ਮਾਪੇ ਨਾਲ ਇਲਾਜ ਸੰਬੰਧੀ ਸਲਾਹ-ਮਸ਼ਵਰੇ ਦੀ ਪੇਸ਼ਕਸ਼ ਕਰਦੇ ਹਾਂ।

ਥੈਰੇਪਿਸਟ ਮਾਪਿਆਂ ਲਈ ਪਾਲਣ-ਪੋਸ਼ਣ ਨਾਲ ਸਬੰਧਤ ਆਪਣੀਆਂ ਚਿੰਤਾਵਾਂ ਅਤੇ ਮੁਸ਼ਕਲਾਂ ਬਾਰੇ ਗੱਲ ਕਰਨ ਲਈ ਤੁਹਾਡੇ ਵਾਸਤੇ ਇੱਕ ਦੋਸ਼ ਰਹਿਤ, ਹਮਦਰਦੀ ਵਾਲੀ ਜਗ੍ਹਾ ਬਣਾਏਗਾ।

ਥੈਰੇਪਿਸਟ ਕੁਝ ਮਨੋ-ਸਿੱਖਿਆ ਦੀ ਪੇਸ਼ਕਸ਼ ਕਰੇਗਾ ਜੋ ਮਾਪਿਆਂ/ਦੇਖਭਾਲ ਕਰਨ ਵਾਲਿਆਂ ਨੂੰ ਆਪਣੇ ਅਤੇ ਆਪਣੇ ਬੱਚੇ/ਬੱਚਿਆਂ ਦੋਵਾਂ ਦੇ ਵਿਵਹਾਰ ਪਿੱਛੇ ਦੀਆਂ ਭਾਵਨਾਵਾਂ ਨੂੰ ਸਮਝਣ ਵਿੱਚ ਮਦਦ ਕਰ ਸਕਦੀ ਹੈ।



ਸਾਡੀਆਂ ਕਿਸੇ ਵੀ ਸੇਵਾਵਾਂ ਬਾਰੇ ਰੈਫਰਲ ਕਰਨ ਬਾਰੇ ਚਰਚਾ ਕਰਨ ਲਈ ਕਿਰਪਾ ਕਰਕੇ ਇੱਥੇ ਜਾਓ:
www.beyondthehorizon.org.uk
ਅਤੇ ਸਾਡਾ ਸੰਪਰਕ ਸਫ਼ਾ ਲੱਭੋ।